# ਕਲਾ ਦੇ ਝਰੋਖੇ ਤੋਂ

1.9.96

## ਗੁਰਸ਼ਰਨ ਸਿੰਘ

**ਨੁੱਕਰ ਨਾਟਕ 'ਪੱਗ ਤੇ ਨਿੱਕਰ':** ਸਮਕਾਲੀ ਵਿਸ਼ਿਆਂ 'ਤੇ ਟਿੱਪਣੀ ਕਰਨੀ ਨੁੱਕਰ ਨਾਟਕ ਦੀ ਵਿਧਾ ਦਾ ਇਕ ਨਿਸ਼ਾਨਾ ਹੁੰਦਾ ਹੈ। ਅਕਾਲੀ ਪਾਰਟੀ ਤੇ ਭਾਜਪਾ ਦਾ ਮੇਲ ਪੰਜਾਬ ਦੀ ਰਾਜਨੀਤੀ ਵਿਚ ਚਰਚਾ ਦਾ ਵਿਸ਼ਾ ਹੈ ਅਤੇ ਨੁੱਕਰ ਨਾਟਕ 'ਪੱਗ ਤੇ ਨਿੱਕਰ' ਵਿਚ ਇਹ ਮੇਲ ਨਾਟਕ ਦਾ ਕੇਂਦਰੀ ਨੁਕਤਾ ਹੈ। ਪੰਜਾਬ ਦਾ ਪਿਛਲੇ ਕੁਝ ਸਾਲਾਂ ਦਾ ਇਤਿਹਾਸ ਇਹ ਸਾਬਤ ਕਰਦਾ ਹੈ ਕਿ ਪੰਜਾਬ ਨੇ ਬਹੁਤ ਸਾਰਾ ਸੰਤਾਪ ਇਸ ਲਈ ਭੋਗਿਆ ਹੈ ਕਿ ਸਾਧਾਰਨ ਹਿੰਦੂ ਅਤੇ ਸਾਧਾਰਨ ਸਿੱਖ ਦੀ ਸੋਚਣੀ ਅਤੇ ਮਾਨਸਿਕਤਾ ਵਿਚ ਬੁਨਿਆਦੀ ਫਰਕ ਆ ਗਿਆ ਸੀ। ਹਰ ਮਸਲੇ ਵਲ ਬੁਨਿਆਦੀ ਸੋਚ ਬਾਰੇ ਇਹ ਫਰਕ ਜਾਂ ਵਖਰੇਵਾਂ ਬਾਹਰ ਆ ਜਾਂਦਾ ਰਿਹਾ ਹੈ। ਇਹ ਆਪਣੇ ਆਪ ਵਿਚ ਤ੍ਰਾਸਦੀ ਸੀ। ਇਹ ਵੀ ਹੁਣ ਜਾਣਿਆ ਹੋਇਆ ਸੱਚ ਹੈ ਕਿ ਇਹ ਵਖਰੇਵੇਂ ਵਾਲੀ ਸੋਚ ਬਣਾਉਣ ਵਿਚ ਭਾਰਤੀ ਜਨਤਾ ਪਾਰਟੀ ਜਾਂ ਉਸ ਦੇ ਅਨੁਸ਼ਾਸਨੀ ਵਿੰਗ ਆਰ. ਐਸ. ਐਸ. ਦੀ ਨਾਂਹ ਪੱਖੀ ਭੂਮਿਕਾ ਰਹੀ ਹੈ ਅਤੇ ਅਕਾਲੀ ਦਲ ਸਿੱਖਾਂ ਵਿਚ ਉਸ ਨੂੰ ਆਪਣੇ ਹਿੱਤ ਵਿਚ ਉਛਾਲਦਾ ਰਿਹਾ ਹੈ। ਪੰਜਾਬੀ ਸੂਬਾ, ਪੰਜਾਬੀ ਬੋਲੀ, ਸੂਬਿਆਂ ਨੂੰ ਵਧ ਅਧਿਕਾਰਾਂ ਦੇ ਮੁੱਦਿਆਂ ਬਾਰੇ ਦੋਨੋਂ ਪਾਰਟੀਆਂ ਦੀ ਸੋਚ ਵਿਚ ਬੁਨਿਆਦੀ ਫਰਕ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ। ਜਦੋਂ ਇਨ੍ਹਾਂ ਦੋਨਾਂ ਪਾਰਟੀਆਂ ਨੇ ਸਾਂਝਾ ਮੁਹਾਜ਼ ਬਣਾਇਆ ਤਾਂ ਸਾਧਾਰਨ ਲੋਕਾਂ ਨੂੰ ਇਕ ਲਿਹਾਜ਼ ਨਾਲ ਖੁਸ਼ੀ ਹੋਈ ਕਿ ਹਿੰਦੂ ਸਿੱਖ ਦਾ ਫਰਕ ਮਿਟੇਗਾ ਪਰ ਨਾਲ ਹੀ ਇਹ ਸਵਾਲ ਉਠਿਆ ਕਿ ਕੀ ਇਹ ਸਾਂਝ ਇਮਾਨਦਾਰੀ ਵਾਲੀ ਹੈ ਜਾਂ ਸਿਰਫ ਕਾਂਗਰਸ ਦੇ ਵਿਰੁੱਧ ਇਕ ਮੌਕਾਪ੍ਰਸਤੀ ? ਜੇ ਇਹ ਸਾਂਝ ਇਮਾਨਦਾਰੀ ਵਾਲੀ ਹੁੰਦੀ ਤਾਂ ਇਹ ਜ਼ਰੂਰੀ ਸੀ ਕਿ ਦੋਨੋਂ ਪਾਰਟੀਆਂ ਆਪਣੀ ਸਵੈ-ਆਲੋਚਨਾ ਕਰਦੀਆਂ, ਆਪਣੀਆਂ ਪੁਰਾਣੀਆਂ ਗਲਤੀਆਂ ਨੂੰ ਮੰਨਦੀਆਂ ਅਤੇ ਇਹ ਐਲਾਨ ਕਰਦੀਆਂ ਕਿ ਹਿੰਦੂ-ਸਿੱਖ ਏਕਤਾ ਹੀ ਪੰਜਾਬ ਦੀ ਭਲਾਈ ਦਾ ਇਕੋ ਇਕ ਰਾਹ ਹੈ। ਪਰ ਦੋਨੋਂ ਪਾਰਟੀਆਂ ਨੇ ਸਵੈਆਲੋਚਨਾ ਦਾ ਰਾਹ ਨਹੀਂ ਅਪਣਾਇਆ। ਇਸ ਲਈ ਸਾਧਾਰਨ ਬੰਦੇ ਵਿਚ ਇਹ ਧਾਰਨਾ ਬਣਦੀ ਹੈ ਕਿ ਇਹ ਸਾਂਝ ਮੌਕਾਪ੍ਰਸਤੀ ਦੀ ਸਾਂਝ ਹੈ। ਉਹਦਾ ਵਿਸ਼ਵਾਸ ਸਮੁੱਚੀ ਸਿਆਸਤ ਤੋਂ ਉਠ ਜਾਂਦਾ ਹੈ। ਅੰਮ੍ਰਿਤਸਰ ਵਿਚ ਰਹਿੰਦਿਆਂ ਮੈਂ ਹਿੰਦੂ ਸਿੱਖ ਦੇ ਫਰਕ ਦੀ ਤ੍ਰਾਸਦੀ ਨੂੰ ਹੰਢਾਇਆ ਹੈ। ਅਪਰੇਸ਼ਨ ਨੀਲਾ ਤਾਰਾ ਦੇ ਪ੍ਰਤੀਕਰਮ ਹਿੰਦੂਆਂ ਦੇ ਤੇ ਸਿੱਖਾਂ ਦੇ ਵੱਖ ਰਿਕਾਰਡ ਕੀਤੇ ਅਤੇ ਆਪਣੇ ਨਾਟਕ ਵਿਚ ਪੇਸ਼ ਕੀਤੇ। ਹਿੰਦੂ ਸਿੱਖ ਏਕਤਾ ਦਾ ਵੱਡਾ ਮੁਦੱਈ ਹੋਣ ਨਾਤੇ ਮੈਂ ਇਹ ਫਰਜ਼ ਸਮਝਦਾ ਹਾਂ ਕਿ ਭਾਜਪਾ ਅਤੇ ਅਕਾਲੀ ਮੇਲ ਬਾਰੇ ਨਾਟਕੀ ਟਿੱਪਣੀ ਕਰਾਂ। ਇਹ ਵਿਅੰਗ ਵੀ ਹੈ ਤੇ ਇੱਛਾ ਵੀ ਹੈ ਕਿ ਹਿੰਦੂ ਸਿੱਖ ਏਕਤਾ ਪੰਜਾਬ ਵਿਚ ਜ਼ਰੂਰ ਹੋਵੇ।

ਨਿੱਕਰ ਪੱਗ ਦਾ ਮੇਲ<br>
ਕੀ ਇਹ ਹਿੰਦੂ ਸਿਖ ਦਾ ਮੇਲ ?<br>
ਜਾਂ ਇਹ ਮੌਕਾਪ੍ਰਸਤੀ ਦਾ ਖੇਲ ?<br>
ਸਮਝ ਵੇ ਲੋਕਾ, ਜਾਗ ਵੇ ਲੋਕਾ<br>
ਇਹ ਇਕ ਰਾਜ਼ ਹੈ ਗਹਿਰਾ<br>
ਉਠ ਕੇ ਦੇ ਤੂੰ ਪਹਿਰਾ

ਪਿੜ ਵਿਚ ਦੋ ਪਾਤਰ ਆਂਦੇ ਹਨ। ਇਕ ਨਿੱਕਰਧਾਰੀ ਹੈ, ਇਕ ਜਥੇਦਾਰੀ ਪੱਗ ਵਾਲਾ ਹੈ। ਦੋਨੋਂ ਆਪਣਾ ਆਪਣਾ ਪੱਖ ਵੱਧ ਚੜ੍ਹ ਕੇ ਪੇਸ਼ ਕਰਦੇ ਹਨ। ਹਰ ਮਸਲੇ ਵਲ ਉਨ੍ਹਾਂ ਦੀ ਪਹੁੰਚ ਵੱਖ ਵੱਖ ਹੈ। ਹੌਲੀ ਹੌਲੀ ਉਨ੍ਹਾਂ ਨੂੰ ਖੱਦਰਧਾਰੀ ਦੀ ਆਮਦ ਦਾ ਅਹਿਸਾਸ ਹੁੰਦਾ ਹੈ। ਉਹ ਇਕੱਠੇ ਹੁੰਦੇ ਹਨ। ਦੋਨਾਂ ਦੀ ਥਾਂ ਇਕ ਪਾਤਰ ਬਣ ਜਾਂਦਾ ਹੈ। ਇਕ ਲੱਤ ਵਿਚ ਨਿੱਕਰ ਹੈ, ਦੂਜੀ ਲੱਤ ਵਿਚ ਕਛਹਿਰਾ ਹੈ। ਇਕ ਪਾਧਾ ਤਿਲਕ ਵਾਲਾ ਹੈ, ਦੂਜਾ ਪਾਧਾ ਜਥੇਦਾਰੀ ਪੱਗ ਵਾਲਾ ਹੈ। ਸਵਾਲ ਜਵਾਬ ਦੋਨੋਂ ਸਾਧਾਰਨ ਪਾਤਰਾਂ ਦਰਮਿਆਨ ਹੁੰਦੇ ਹਨ। ਇਸ਼ਾਰਾ ਇਸ ਦੂਹਰੀ ਸ਼ਖਸੀਅਤ ਵਲ ਹੈ।

ਜਵਾਨੀ ਹੈ ਬਿਨਾਂ ਰੁਜ਼ਗਾਰ, ਕੀ ਨਿੱਕਰ ਪੱਗ ਨੇ ਰੁਜ਼ਗਾਰ ਹੈ ਦੇਣਾ ?<br>
ਨਹੀਂ ਬਈ ਨਹੀਂ ਬਰਾਬਰੀ ਮੰਗਦਾ ਹੈ ਸਮਾਜ ਕੀ ਨਿੱਕਰ ਪੱਗ ਨੇ ਇਹ ਹੈ ਦੇਣੀ ?<br>
ਨਹੀਂ ਬਈ ਨਹੀਂ।

ਨਾਟਕ ਦਾ ਸਿਖਰ ਹੈ, ਜਦੋਂ ਸਾਧਾਰਨ ਪਾਤਰ ਇਹ ਨਾਅਰਾ ਉਚਾ ਕਰਦੇ ਹਨ :

ਹਿੰਦੂ ਸਿੱਖ ਦਾ ਮੇਲ<br>
ਹੋਵੇ ਇਹ ਭਰਾ ਭਰਾ ਦਾ ਮੇਲ<br>
...ਗੱਲ ਹੁਣ ਅਸੀਂ ਇਹ ਲਈ ਹੈ ਜਾਣ<br>
ਬਣਨਾ ਅਸੀਂ ਹੈ ਇਨਸਾਨ

ਦੰਭੀ ਸਿਆਸਤ ਤੇ ਵਿਅੰਗ ਕਰਦਾ ਇਹ ਨਾਟਕ ਪੰਜਾਬ ਦੇ ਲੋਕਾਂ ਨੂੰ ਸਮਰਪਿਤ ਹੈ।

**ਪਾਸ਼ ਦੀ ਯਾਦ ਵਿਚ :** 8 ਸਤੰਬਰ, ਦੇਸ਼ ਭਗਤ ਹਾਲ ਜਲੰਧਰ ਵਿਚ ਅਸੀਂ ਸਵੇਰੇ ਦਸ ਵਜੇ ਤੋਂ ਦੁਪਹਿਰ ਦੋ ਵਜੇ ਤਕ ਪਾਸ਼ ਨੂੰ ਇਕ ਸਮਾਗਮ ਵਿਚ ਯਾਦ ਕਰਾਂਗੇ। ਡਾ. ਜੁਗਿੰਦਰ ਸਿੰਘ ਰਾਹੀ ਪਾਸ਼ ਦੀ ਕਵਿਤਾ ਅਤੇ ਸ਼ਖਸੀਅਤ ਬਾਰੇ ਪਰਚਾ ਪੜ੍ਹਨਗੇ। ਹਰਭਜਨ ਹਲਵਾਰਵੀ ਨੂੰ ਪਾਸ਼ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ। ਲੱਖਾ ਲਹਿਰੀ ਦੀ ਨਿਰਦੇਸ਼ਨਾਂ ਥੱਲੇ ਰਣਬੀਰ ਰਾਣਾ ਵਲੋਂ ਪਾਸ਼ ਦੀ ਡਾਇਰੀ ਅਤੇ ਕਵਿਤਾ ਤੇ ਇਕ ਪਾਤਰੀ ਨਾਟਕ ਪੇਸ਼ ਹੋਵੇਗਾ।

1-9-1996